# ਬਰਨ ਸਚੇਤਨਤਾ ਹਫ਼ਤਾ

## ਸੜਨ ਤੋਂ ਬਚਾਅ ਲਈ ਸੁਝਾਅ

**ਕਿੰਡਰਗਾਰਡਨ ਤੋਂ ਸੱਤਵੀਂ ਜਮਾਤ ਦੇ ਬੱਚਿਆਂ ਦੇ ਅਧਿਆਪਕਾਂ ਅਤੇ ਮਾਤਾ ਪਿਤਾ ਲਈ**

## ਹੈਰੀ ਨਾਂ ਦਾ ਹਾਈਡਰੈਂਟ ਕਹਿੰਦਾ ਹੈ: ਰਸੋਈ ਵਿੱਚ ਸੁਰੱਖਿਅਤ ਰਹੋ !

**ਔਸਤਨ, ਇਸ ਦੇਸ਼ ਵਿੱਚ ਹਰ ਵਿਅਕਤੀ ਆਪਣੇ ਜੀਵਨ ਕਾਲ ਦੌਰਾਨ ਰਸੋਈ ਵਿੱਚ ਅੱਟੋ-ਘੱਟ ਦੋ ਵਾਰ ਅੱਗ ਲੱਗਣ ਦਾ ਅਨੁਭਵ ਕਰੇਗਾ**

**ਰਸੋਈ ਖੇਡਣ ਦੀ ਥਾਂ ਨਹੀਂ ਹੈ:** ਇਤਫ਼ਾਕਿਆ ਅੱਗ ਲੱਗਣ ਦੇ ਪੱਖੋਂ ਰਸੋਈ ਘਰ ਦਾ ਸਭ ਤੋਂ ਖਤਰਨਾਕ ਕਮਰਾ ਹੋ ਸਕਦਾ ਹੈ। ਬਰਤਨਾਂ ਦੇ ਹੈਂਡਲਾਂ ਨੂੰ ਅੰਦਰ ਵੱਲ ਨੂੰ ਮੋੜਨਾ ਯਾਦ ਰੱਖੋ। ਜੇ ਬੱਚੇ ਤੁਹਾਡੇ ਆਸ-ਪਾਸ ਹਨ ਤਾਂ ਗਰਮ ਦ੍ਰਵ ਚੀਜ਼ਾਂ ਲੈ ਕੇ ਨਾ ਘੁੰਮੋ। ਕਾਊਂਟਰ ਦੇ ਉੱਪਰ ਚੜ੍ਹਨਾ ਜਾਂ ਕਾਫ਼ੀ ਪੌਟ, ਟੋਸਟਰ ਵਰਗੇ ਗਰਮ ਉਪਕਨਾਂ, ਗਰਮ ਭਾਂਡਿਆਂ ਜਾਂ ਹੋਰ ਗਰਮ ਚੀਜ਼ਾਂ ਨੂੰ ਹੱਥ ਲਗਾਉਣ ਦੇ ਖਤਰਿਆਂ ਬਾਰੇ ਚਰਚਾ ਕਰੋ।

**ਰਸੋਈ ਵਿੱਚ ਸੁਰੱਖਿਅਤ ਰਹੋ:** ਮਾਈਕ੍ਰੋਵੇਵ ਅਵਨ ਵਿੱਚ ਗਰਮ ਕੀਤੇ ਖਾਣਿਆਂ ਜਾਂ ਦ੍ਰਵ ਪਦਾਰਥਾਂ ਨੂੰ ਹੱਥ ਲਗਾਉਣ ਸਮੇਂ ਸਾਵਧਾਨ ਰਹੋ। ਢੱਕਣ ਜਾਂ ਪਲਾਸਟਿਕ ਦਾ ਕਵਰ ਆਪਣੇ ਤੋਂ ਥੋੜਾ ਦੂਰ ਰੱਖ ਕੇ ਚੁੱਕੋ ਤਾਂ ਜੋ ਬਰਤਨ ਵਿੱਚਲੀ ਭਾਫ਼ ਤੁਹਾਡੇ ਤੋਂ ਦੂਰ ਨਿਕਲੇ। ਧਿਆਨ ਰੱਖੋ ਕਿ ਭਾਫ਼ਾਂ ਛੱਡਦੇ ਖਾਣੇ ਦੇ ਉੱਪਰੋ ਬੱਚੇ ਆਪਣੇ ਰੱਥ ਜਾਂ ਬਾਹਾਂ ਨਾ ਫ਼ੇਰਨ। ਬੱਚਿਆਂ ਨੂੰ ਸਮਝਾਓ ਕਿ ਟੋਸਟਰ ਅਤੇ ਕੇਤਲੀ ਵਰਗੇ ਬਿਜਲੀ ਤੇ ਚੱਲਣ ਵਾਲੇ ਉਪਕਰਨਾਂ ਵਿੱਚ ਉਹ ਕੋਈ ਧਾਤ ਵਾਲੀ ਵਸਤੂ ਨਾ ਪਾਉਣ।

**ਰਸੋਈ ਦੇ ਉਪਕਰਨਾਂ ਦੀ ਵਰਤੋਂ ਧਿਆਨ ਨਾਲ ਕਰੋ:** ਬੱਚਿਆਂ ਨੂੰ ਬਿਜਲੀ ਤੇ ਚੱਲਣ ਵਾਲੇ ਉੱਪਕਰਨਾਂ ਦੀ ਵਰਤੋਂ ਵੱਡਿਆਂ ਦੀ ਨਿਗਰਾਨੀ ਹੇਠ ਕਰਨੀ ਚਾਹੀਦੀ ਹੈ। ਉਪਕਰਨਾਂ ਦੀ ਤਾਰਾਂ ਨੂੰ ਲਟਕਣ ਨਾ ਦਿਓ - ਉਹਨਾਂ ਨੂੰ ਇੱਕਠਾ ਕਰ ਕੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਰੱਖੋ। ਜੇ ਕਿਸੇ ਉਪਰਨ ਵਿੱਚੋਂ ਮੁਸ਼ਕ ਆਉਂਦੀ ਹੈ ਜਾਂ ਓਹ ਠੀਕ ਤਰ੍ਹਾਂ ਕੰਮ ਨਹੀਂ ਕਰਦਾ, ਤਾਂ ਉਸਨੂੰ ਬਦਲ ਲਵੋ। ਟੂੱਟੀਆਂ ਜਾਂ ਰਗੜੀਆਂ ਹੋਈਆਂ ਤਾਰਾਂ, ਇੱਕੋ ਪਲੱਗ ਵਿੱਚ ਕਈ ਉਪਕਰਨਾਂ ਦਾ ਲੱਗੇ ਹੋਣਾ, ਪਾਣੀ ਦੇ ਨੇੜੇ ਉਪਕਰਨਾਂ ਦੀ ਵਰਤੋਂ ਕਰਨਾ, ਖਰਾਬੀ ਜਾਂ ਦੁਰਵਰਤੋਂ ਵਾਲੇ ਉਪਕਰਨ, ਜਾਂ ਗ਼ੈਰਹਾਜ਼ਰੀ ਵਿੱਚ ਛੱਡੇ ਉਪਕਰਨ ਸਭ ਸੁਰੱਖਿਆ ਨੂੰ ਖਤਰਾ ਹਨ।

**ਸਟੋਵ ਤੇ ਘਿਓ ਨਾਲ ਲੱਗੀ ਅੱਗਾਂ ਤੋਂ ਬਚਾਅ:** ਸਟੋਵ ਉੱਤੋਂ ਘਿਓ ਨੂੰ ਸਾਫ਼ ਰੱਖੋ। ਤੇਲ ਅਤੇ ਘਿਓ ਦੋਵੇਂ ਹੀ ਜਲਨਸ਼ੀਲ ਪਦਾਰਥ ਹਨ। ਜੇ ਖਾਣੇ ਨਾਲ ਭਰੀ ਪਤੀਲੀ ਵਿੱਚ ਅੱਗ ਲੱਗ ਜਾਵੇ ਤਾਂ ਪਤੀਲੀ ਨੂੰ ਢੱਕ ਕੇ ਬਰਨਰ ਨੂੰ ਬੰਦ ਕਰ ਦਵੋ। ਜੇ ਅੱਗ ਅਵਨ ਵਿੱਚ ਲੱਗੀ ਹੈ - ਅਵਨ ਦਾ ਦਰਵਾਜ਼ਾ ਬੰਦ ਰੱਖੋ ਅਤੇ ਸਟੋਵ ਨੂੰ ਬੰਦ ਕਰ ਦਵੋ। ਮਾਈਕ੍ਰੋਵੇਵ ਅਵਨ ਵਿੱਚ ਅੱਗ ਲੱਗਣ ਦੀ ਸੂਰਤ ਵਿੱਚ ਮਾਈਕ੍ਰੋਵੇਵ ਦਾ ਦਰਵਾਜ਼ਾ ਬੰਦ ਰੱਖੋ ਅਤੇ ਸਟਾਪ ਦਾ ਬਟਨ ਦੱਬੋ। ਰਸੋਈ ਵਿੱਚ ਕਪੜੇ ਅੱਗ ਨਾ ਫ਼ੜਨ, ਇਸ ਲਈ ਰਸੋਈ ਵਿੱਚ ਕਿਸੇ ਨੂੰ ਵੀ ਖੁੱਲ੍ਹੇ ਕੱਪੜੇ ਨਹੀਂ ਪਾਉਣੇ ਚਾਹੀਦੇ।

ਰਸੋਈ ਵਿੱਚ ਸੁਰੱਖਿਆ ਅਤੇ ਝੁਲਸਣ ਦੀ ਸੱਟਾਂ ਸਬੰਧੀ ਜਨਤਕ ਸੇਵਾ ਘੋਸ਼ਣਾ ਵੇਖਣ ਲਈ www.burnfund.org/BAW ਤੇ ਜਾਓ। ਇਹ ਵਿਡੀਓ ਹੇਠ ਲਿੱਖੀ ਭਾਸ਼ਾਵਾਂ ਵਿੱਚ ਉਪਲਬਧ ਹੈ: ਅੰਗ੍ਰੇਜ਼ੀ, ਕੈਂਟੋਨੀਜ਼, ਮੈਂਡਰਿਨ, ਅਤੇ ਪੰਜਾਬੀ।

ਬਰਨ ਫ਼ੰਡ ਦੀ ਵੈਬ–ਸਾਈਟ www.burnfund.org/BAW ਤੇ ਇੰਟਰੈਕਟਿਵ “ਪਲੇ ਸੇਫ਼ ਇਨ ਦ ਕਿਚਨ” ਗੇਮ ਵੇਖੋ। ਇਸ ਗੇਮ ਨੂੰ ਠੀਕ ਤਰ੍ਹਾਂ ਪੂਰਾ ਕਰਨ ਤੇ ਵਿੱਦਿਆਰਥੀਆਂ ਨੂੰ ਉਹਨਾਂ ਦੇ ਨਾਂ ਦਾ “ਜੂਨੀਅਰ ਫ਼ਾਇਰ ਫ਼ਾਈਟਰ” ਸਰਟੀਫ਼ੀਕੇਟ ਦਿੱਤਾ ਜਾਵੇਗਾ।




ਬੀ.ਸੀ. ਦੇ ਬਰਨ ਸਚੇਤਨਤਾ ਹਫ਼ਤੇ ਦੀ ਜਾਮਨੀ ਬੀ.ਸੀ. ਪ੍ਰੋਫ਼ੈਸਨਲ ਫ਼ਾਇਰ ਫ਼ਾਈਟਰਜ਼ ਬਰਨ ਫ਼ੰਡ ਵਲੋਂ ਕੀਤੀ

CAPILANO SUSPENSION BRIDGE
Naturally Thrilling Since 1889

RBC Foundation®

www.burnfund.org ਫ਼ੋਨ: : 604 436-5617